Punjabi | ਪੰਜਾਬੀ

GOVERNMENT OF WESTERN AUSTRALIA
Department of Local Government, Industry Regulation and Safety

WorkSafe Western Australia

# ਕੀ ਤੁਹਾਡੇ ਕਰਮਚਾਰੀ ਹਵਾ ਵਿੱਚ ਮੌਜੂਦ ਪ੍ਰਦੂਸ਼ਕ ਤੱਤਾਂ ਦੇ ਸੰਪਰਕ ਵਿੱਚ ਆ ਰਹੇ ਹਨ?

ਮੇਰੀ ਕੰਮ ਵਾਲੀ ਥਾਂ 'ਤੇ ਹਵਾ ਵਿੱਚ ਕਿਹੜੇ ਪ੍ਰਦੂਸ਼ਕ ਤੱਤ ਮੌਜੂਦ ਹਨ?

ਮੇਰੇ ਕਰਮਚਾਰੀ ਕਿੰਨੇ ਸਮੇਂ ਲਈ ਅਤੇ ਕਿੰਨੀ ਵਾਰ ਸੰਪਰਕ ਵਿੱਚ ਆਉਂਦੇ ਹਨ?

ਮੇਰੇ ਮੌਜੂਦਾ ਨਿਯੰਤਰਣ ਉਪਾਅ ਕਿੰਨੇ ਪ੍ਰਭਾਵਸ਼ਾਲੀ ਹਨ?

ਉਹ ਕਿੰਨਾ ਨੁਕਸਾਨ ਪਹੁੰਚਾ ਸਕਦੇ ਹਨ?

ਕੀ ਮੈਨੂੰ ਪ੍ਰਦੂਸ਼ਕ ਤੱਤਾਂ ਦੇ ਸਰੋਤ ਬਾਰੇ ਪਤਾ ਹੈ?

ਕੀ ਮੇਰੇ ਕਰਮਚਾਰੀ ਆਪਣੇ PPE ਦੀ ਸਹੀ ਵਰਤੋਂ ਕਰਦੇ ਹਨ?

**ਜੇਕਰ ਤੁਹਾਨੂੰ ਇਸ ਗੱਲ ਦਾ ਯਕੀਨ ਨਹੀਂ ਹੈ** ਕਿ ਤੁਹਾਡੀ ਕੰਮ ਵਾਲੀ ਥਾਂ 'ਤੇ ਹਵਾ ਵਿੱਚ ਮੌਜੂਦ ਪ੍ਰਦੂਸ਼ਕ ਤੱਤ ਨਿਰਧਾਰਤ ਸੀਮਾਵਾਂ ਤੋਂ ਵੱਧ ਹਨ ਜਾਂ ਨਹੀਂ, ਤਾਂ ਤੁਹਾਨੂੰ ਹਵਾ ਦੀ ਜਾਂਚ ਲਾਜ਼ਮੀ ਕਰਵਾਉਣੀ ਚਾਹੀਦੀ ਹੈ।

ਹਵਾ ਦੀ ਜਾਂਚ ਤੁਹਾਨੂੰ ਇਹ ਦੱਸ ਸਕਦੀ ਹੈ:

- ਤੁਹਾਡੇ ਕਰਮਚਾਰੀ ਕਿੰਨੇ ਪੱਧਰ ਤੱਕ ਸੰਪਰਕ ਵਿੱਚ ਆ ਰਹੇ ਹਨ
- ਕਿਹੜੀਆਂ ਪ੍ਰਕਿਰਿਆਵਾਂ ਜਾਂ ਉਤਪਾਦ ਸੰਪਰਕ ਦਾ ਸਰੋਤ ਹਨ
- ਜੇਕਰ ਤੁਹਾਡੇ ਕੰਟਰੋਲ ਉਪਾਅ ਠੀਕ ਤਰੀਕੇ ਨਾਲ ਕੰਮ ਕਰ ਰਹੇ ਹਨ ਜਾਂ ਨਹੀਂ।

ਰੁਜ਼ਗਾਰਦਾਤਾਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਰਮਚਾਰੀ ਅਤੇ ਕੰਮ ਵਾਲੀ ਥਾਂ 'ਤੇ ਮੌਜੂਦ ਹੋਰ ਲੋਕ ਹਵਾ ਵਿੱਚ ਮੌਜੂਦ ਪ੍ਰਦੂਸ਼ਕ ਤੱਤਾਂ ਦੇ ਉਸ ਪੱਧਰ ਦੇ ਸੰਪਰਕ ਵਿੱਚ ਨਾ ਆਉਣ ਜੋ ਕੰਮ ਵਾਲੀ ਥਾਂ 'ਤੇ ਹਾਨੀਕਾਰਕ ਪਦਾਰਥਾਂ ਦੇ ਸੰਪਰਕ ਦੀਆਂ ਸੀਮਾਵਾਂ ਤੋਂ ਵੱਧ ਹੋਵੇ।

ਜੇਕਰ ਤੁਹਾਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਨਹੀਂ ਪਤਾ, ਤਾਂ ਹਵਾ ਦੀ ਜਾਂਚ ਅਤੇ ਕੰਮ ਵਾਲੀ ਥਾਂ 'ਤੇ ਹਾਨੀਕਾਰਕ ਪਦਾਰਥਾਂ ਦੇ ਸੰਪਰਕ ਦੀਆਂ ਸੀਮਾਵਾਂ ਬਾਰੇ ਹੋਰ ਜਾਣਕਾਰੀ ਲਈ ਸਾਡੀ ਵੈੱਬਸਾਈਟ ਵੇਖੋ।

WES » WEL

ਹੋਰ ਜਾਣਨ ਲਈ ਇਸ QR ਕੋਡ ਨੂੰ ਸਕੈਨ ਕਰੋ, ਜਾਂ **www.worksafe.wa.gov.au/airborne-contaminants** 'ਤੇ ਜਾਓ।

WSApr26_15841